ਵਿਸ਼ਾ:- ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 09.12.2015 ਨੂੰ ਬਾਅਦ ਦੁਪਹਿਰ 4.30 ਵਜੇ ਪੰਜਾਬ ਭਵਨ, ਚੰਡੀਗੜ੍ਹ ਵਿਖੇ ਹੋਈ ਪਟਿਆਲਾ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੀ.ਡੀ.ਏ.) ਦੀ 23ਵੀਂ ਮੀਟਿੰਗ ਦੀ ਕਾਰਵਾਈ ਬਾਰੇ ।

ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 09.12.2015 ਨੂੰ ਪੀ.ਡੀ.ਏ. ਅਥਾਰਿਟੀ ਦੀ 23ਵੀਂ ਮੀਟਿੰਗ ਹੋਈ ਜਿਸ ਵਿਚ ਹੇਠ ਲਿਖੇ ਮੈਂਬਰਾਂ ਨੇ ਭਾਗ ਲਿਆ :-

1) ਸ਼੍ਰੀ ਸੁਖਬੀਰ ਸਿੰਘ ਬਾਦਲ,
ਉਪ-ਮੁੱਖ ਮੰਤਰੀ-ਕਮ-ਕੋ-ਚੇਅਰਮੈਨ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ।

2) ਸ਼੍ਰੀ ਡੀ.ਪੀ.ਰੈਡੀ, ਆਈ.ਏ.ਐਸ.,
ਪ੍ਰਮੁੱਖ ਸਕੱਤਰ (ਵਿੱਤ),
ਪੰਜਾਬ, ਚੰਡੀਗੜ੍ਹ ।

3) ਸ਼੍ਰੀ ਐਸ.ਕੇ. ਸੰਧੂ, ਆਈ.ਏ.ਐਸ.,
ਪ੍ਰਮੁੱਖ ਸਕੱਤਰ/ਮੁੱਖ-ਮੰਤਰੀ, ਪੰਜਾਬ।

4) ਸ਼੍ਰੀ ਵਿਸ਼ਵਜੀਤ ਖੰਨਾ, ਆਈ.ਏ.ਐਸ.,
ਪ੍ਰਮੁੱਖ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
ਪੰਜਾਬ, ਚੰਡੀਗੜ੍ਹ।

5) ਸ਼੍ਰੀ ਵਿਕਾਸ ਪ੍ਰਤਾਪ, ਆਈ.ਏ.ਐਸ.,
ਸਕੱਤਰ, ਸਥਾਨਕ ਸਰਕਾਰ,
ਪੰਜਾਬ, ਚੰਡੀਗੜ੍ਹ।

6) ਸ਼੍ਰੀ ਏ.ਕੇ. ਸਿਨਹਾ, ਆਈ.ਏ.ਐਸ.,
ਮੁੱਖ ਪ੍ਰਸ਼ਾਸ਼ਕ, ਪੀ.ਡੀ.ਏ., ਪਟਿਆਲਾ।

7) ਸ਼੍ਰੀ ਵਰੁਣ ਰੂਜ਼ਮ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਪਟਿਆਲਾ।

8) ਸ਼੍ਰੀਮਤੀ ਇੰਦੂ ਮਲਹੋਤਰਾ, ਆਈ.ਏ.ਐਸ.,
ਕਮਿਸ਼ਨਰ, ਨਗਰ ਨਿਗਮ, ਪਟਿਆਲਾ।

9) ਸ਼੍ਰੀ ਹਰਨੇਕ ਸਿੰਘ,
ਮੁੱਖ ਨਗਰ ਯੋਜਨਾਕਾਰ, ਪੰਜਾਬ,
ਐਸ.ਏ.ਐਸ.ਨਗਰ।

ਮੀਟਿੰਗ ਵਿੱਚ ਹੇਠ ਦਰਸਾਏ ਗਏ ਲੜੀਵਾਰ ਅਜੰਡਾ ਆਈਟਮ ਵਿਚਾਰੇ ਗਏ:-

ਅਜੰਡਾ ਆਈਟਮ ਨੰ: 23.01

**ਪਟਿਆਲਾ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੀ.ਡੀ.ਏ.) ਦੀ ਮਿਤੀ 15-04-2014 ਨੂੰ ਹੋਈ 22ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ।**

ਵਿਚਾਰ-ਵਟਾਂਦਰੇ ਉਪਰੰਤ ਸਰਵ-ਸੰਮਤੀ ਨਾਲ ਜਾਰੀ ਕੀਤੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

ਅਜੰਡਾ ਆਈਟਮ ਨੰ: 23.02

**ਪਟਿਆਲਾ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੀ.ਡੀ.ਏ.) ਦੀ ਮਿਤੀ 15-04-2015 ਨੂੰ ਹੋਈ 22ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਸਬੰਧੀ ਕੀਤੀ ਕਾਰਵਾਈ ਬਾਰੇ ਰਿਪੋਰਟ।**

ਫੈਸਲਿਆਂ ਤੇ ਕੀਤੀ ਗਈ ਕਾਰਵਾਈ ਨੂੰ ਅਥਾਰਿਟੀ ਵੱਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ। ਜਿਥੋਂ ਤੱਕ ਮੱਦ ਨੰ.22.13 ਜੋ ਕਿ ਪੀ.ਡੀ.ਏ. ਦੇ ਸਟਾਫ ਦੀ ਸਥਿਤੀ ਬਾਰੇ ਹੈ, ਅਥਾਰਿਟੀ ਵੱਲੋਂ ਕਾਰਜਕਾਰੀ ਕਮੇਟੀ ਦੀ ਹੋਣ ਵਾਲੀ ਮੀਟਿੰਗ ਵਿਚ ਪੇਸ਼ ਕਰਨ ਸਬੰਧੀ ਮਾਮਲਾ ਵੀ ਨੋਟ ਕਰ ਲਿਆ ਗਿਆ।

ਅਜੰਡਾ ਆਈਟਮ ਨੰ: 23.03

**ਸਕੁੰਤਲਾ ਵਿਹਾਰ, ਪਟਿਆਲਾ ਦੇ ਕੇਸ ਵਿੱਚ ਪ੍ਰਮੋਟਰ ਵੱਲੋਂ ਬਿਜਲੀ ਦੇ ਕੰਮਾਂ ਲਈ 703953.00 ਰੁ: ਦੀ ਰਕਮ ਈ.ਡੀ.ਸੀ ਵਿੱਚੋਂ ਵਰਤਣ ਸਬੰਧੀ।**

ਅਥਾਰਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ ਹੈ।

ਅਜੰਡਾ ਆਈਟਮ ਨੰ: 23.04

**ਪੀਡੀਏ-ਓਮੈਕਸ ਸਿਟੀ ਬਾਰਨ ਪਟਿਆਲਾ ਕਮੇਟੀ ਵਿੱਚ ਮੈਂਬਰ ਸ਼ਾਮਿਲ ਕਰਨ ਬਾਰੇ।**

ਅਥਾਰਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ ਹੈ।

ਅਜੰਡਾ ਆਈਟਮ ਨੰ: 23.05

**ਪੀ.ਡੀ.ਏ. ਦਾ ਸਾਲ 2014-15 ਦਾ ਰਿਵਾਇਜਡ ਬਜਟ ਅਤੇ ਸਾਲ 2015-16 ਦਾ ਬਜਟ ਪ੍ਰਵਾਨ ਕਰਵਾਉਣ ਸਬੰਧੀ ।**

ਅਥਾਰਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ ਹੈ।

ਮੀਟਿੰਗ ਧੰਨਵਾਦ ਸਹਿਤ ਖਤਮ ਕੀਤੀ ਗਈ।

ਮੁੱਖ ਮੰਤਰੀ, ਪੰਜਾਬ।